National Research Journal of Social Sciences
Volume-11, Issue-1, January-June 2026
PP: 248-253

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ-ਧਰਮ, ਆਜ਼ਾਦੀ ਅਤੇ ਮਾਨਵਤਾ ਦਾ ਪ੍ਰਤੀਕ

**ਮਨਪ੍ਰੀਤ ਕੌਰ**

ਸਹਾਇਕ ਪ੍ਰੋਫੈਸਰ
ਸਰਕਾਰੀ ਕਾਲਜ ਲੁਧਿਆਣਾ ਈਸਟ

**ਸਾਰ ਅੰਸ਼:**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿੱਚ ਇਕ ਅਦੁੱਤੀ ਘਟਨਾ ਹੈ। ਉਨ੍ਹਾਂ ਨੇ ਆਪਣੀ ਜਾਨ ਸਿਰਫ਼ ਸਿੱਖ ਧਰਮ ਲਈ ਨਹੀਂ, ਸਗੋਂ ਸਾਰੀ ਮਨੁੱਖਤਾ ਦੀ ਧਾਰਮਿਕ ਆਜ਼ਾਦੀ ਅਤੇ ਨੈਤਿਕ ਸੱਚਾਈ ਦੀ ਰੱਖਿਆ ਲਈ ਕੁਰਬਾਨ ਕੀਤੀ।

ਉਨ੍ਹਾਂ ਦੀ ਕੁਰਬਾਨੀ ਦਾ ਸੰਦੇਸ਼ ਸੀ ਕਿ ਧਰਮ ਕਿਸੇ ’ਤੇ ਜ਼ਬਰ ਨਾਲ ਨਹੀਂ ਥੋਪਿਆ ਜਾ ਸਕਦਾ, ਅਤੇ ਸੱਚੀ ਆਜ਼ਾਦੀ ਮਨੁੱਖ ਦੇ ਵਿਚਾਰਾਂ ਅਤੇ ਵਿਸ਼ਵਾਸਾਂ ਦੀ ਸੁਤੰਤਰਤਾ ਵਿੱਚ ਹੈ। ਜਦੋਂ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ, ਗੁਰੂ ਜੀ ਨੇ ਆਪਣੇ ਸਿਰ ਦੀ ਬਲੀ ਦੇ ਕੇ ਸਾਰੀ ਮਨੁੱਖਤਾ ਲਈ ਇਹ ਅਮਰ ਸੁਨੇਹਾ ਦਿੱਤਾ ਕਿ ਧਰਮ ਦੀ ਰੱਖਿਆ ਲਈ ਸਿਰ ਕਟਾਇਆ ਜਾ ਸਕਦਾ ਹੈ, ਪਰ ਝੁਕਾਇਆ ਨਹੀਂ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤਿੰਨ ਉੱਚੇ ਆਦਰਸ਼ਾਂ ਦਾ ਮਿਲਾਪ ਹੈ —

ਧਰਮ: ਸੱਚ ਤੇ ਅਡੋਲ ਰਹਿਣਾ,

ਆਜ਼ਾਦੀ: ਆਪਣੇ ਵਿਸ਼ਵਾਸਾਂ ਅਨੁਸਾਰ ਜੀਊਣ ਦਾ ਅਧਿਕਾਰ,

ਮਾਨਵਤਾ: ਸਾਰਿਆਂ ਨਾਲ ਬਰਾਬਰ ਪਿਆਰ ਅਤੇ ਸਤਿਕਾਰ।

ਉਨ੍ਹਾਂ ਦੀ ਸ਼ਹਾਦਤ ਨੇ ਇਹ ਸਾਬਤ ਕੀਤਾ ਕਿ ਸੱਚਾ ਧਾਰਮਿਕ ਵਿਅਕਤੀ ਆਪਣੀ ਕੌਮ ਲਈ ਨਹੀਂ, ਸਗੋਂ ਸਾਰੇ ਜਗਤ ਦੇ ਭਲੇ ਲਈ ਜੀਉਂਦਾ ਤੇ ਮਰਦਾ ਹੈ। ਅੱਜ ਦੇ ਯੁਗ ਵਿੱਚ, ਜਿੱਥੇ ਧਰਮ ਦੇ ਨਾਮ ’ਤੇ ਹਿੰਸਾ ਤੇ ਪੱਖਪਾਤ ਵੱਧ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਮਨੁੱਖਤਾ ਲਈ ਰਾਹ ਪ੍ਰਦਰਸ਼ਕ ਹੈ — ਨਾ ਡਰੋ, ਨਾ ਡਰਾਓ, ਸੱਚ ਤੇ ਟਿਕੇ ਰਹੋ।

ਇਸੇ ਲਈ ਗੁਰੂ ਤੇਗ ਬਹਾਦਰ ਜੀ ਨੂੰ “ਹਿੰਦ ਦੀ ਚਾਦਰ” ਕਿਹਾ ਗਿਆ । ਉਹ ਜੋ ਸਿਰ ਝੁਕਾ ਕੇ ਨਹੀਂ, ਸਿਰ ਕਟਾ ਕੇ ਧਰਮ ਅਤੇ ਮਾਨਵਤਾ ਦੀ ਇੱਜ਼ਤ ਬਚਾਉਂਦੇ ਹਨ। ਉਨ੍ਹਾਂ ਦੀ ਸ਼ਹਾਦਤ ਸਦੀ ਦਰ ਸਦੀ ਪ੍ਰੇਰਣਾ ਦਿੰਦੀ ਰਹੇਗੀ ਕਿ ਜਦੋਂ ਮਨੁੱਖਤਾ ਦੇ ਹੱਕਾਂ ਦੀ ਰੱਖਿਆ ਲਈ ਸਿਰ ਚੜ੍ਹਦਾ ਹੈ, ਤਦ ਸੱਚ, ਧਰਮ ਅਤੇ ਆਜ਼ਾਦੀ ਅਮਰ ਹੋ ਜਾਂਦੇ ਹਨ।

**ਕੁੰਜੀ ਸ਼ਬਦ-**

1) ਹਿੰਦ ਦੀ ਚਾਦਰ: ਗੁਰੂ ਸਾਹਿਬ ਦੀ ਉਸ ਮਹਾਨ ਸ਼ਖ਼ਸੀਅਤ ਦਾ ਪ੍ਰਤੀਕ, ਜਿਨ੍ਹਾਂ ਨੇ ਮਨੁੱਖਤਾ ਦੇ ਧਰਮ ਅਤੇ ਇੱਜ਼ਤ ਦੀ ਰਾਖੀ ਲਈ ਆਪਣਾ ਕੁਰਬਾਨ ਕਰ ਦਿੱਤਾ ।
2) ਧਾਰਮਿਕ ਆਜ਼ਾਦੀ: ਹਰ ਵਿਅਕਤੀ ਨੂੰ ਆਪਣੇ ਵਿਸ਼ਵਾਸ ਅਨੁਸਾਰ ਜੀਵਨ ਜਿਊਣ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਵਿਰੁੱਧ ਡਟਣ ਦਾ ਅਧਿਕਾਰ।
3) ਨਿਰਭਉ (ਡਰ-ਮੁਕਤੀ): ਕਿਸੇ ਨੂੰ ਨਾ ਡਰਾਉਣਾ ਅਤੇ ਨਾ ਹੀ ਕਿਸੇ ਦੇ ਡਰ ਅੱਗੇ ਝੁਕਣਾ।
4) ਅਦੁੱਤੀ ਸ਼ਹਾਦਤ: ਇਤਿਹਾਸ ਦੀ ਉਹ ਬੇਮਿਸਾਲ ਕੁਰਬਾਨੀ ਜੋ ਕਿਸੇ ਦੂਸਰੇ ਧਰਮ ਦੇ ਅਕੀਦੇ ਅਤੇ ਮਨੁੱਖੀ ਹੱਕਾਂ ਨੂੰ ਬਚਾਉਣ ਲਈ ਦਿੱਤੀ ਗਈ।
5) ਜ਼ਮੀਰ ਦੀ ਸੁਤੰਤਰਤਾ: ਮਨੁੱਖ ਦੇ ਅੰਦਰੂਨੀ ਵਿਸ਼ਵਾਸ ਅਤੇ ਸੱਚਾਈ 'ਤੇ ਪਹਿਰਾ ਦੇਣ ਦੀ ਆਜ਼ਾਦੀ, ਜੋ ਕਿਸੇ ਵੀ ਦੁਨਿਆਵੀ ਤਾਕਤ ਤੋਂ ਉੱਪਰ ਹੈ।
6) ਮਾਨਵਤਾਵਾਦ: ਜਾਤ, ਪਾਤ ਅਤੇ ਮਜ਼ਹਬ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖੀ ਜਾਤੀ ਨੂੰ ਇੱਕ ਸਮਾਨ ਸਮਝਣ ਅਤੇ 'ਸਰਬੱਤ ਦੇ ਭਲੇ' ਦੀ ਭਾਵਨਾ।
7) ਨੈਤਿਕ ਮਜ਼ਬੂਤੀ: ਦੁਨਿਆਵੀ ਲਾਲਚਾਂ (ਮਾਇਆ) ਅਤੇ ਮੌਤ ਦੇ ਭੈਅ ਤੋਂ ਮੁਕਤ ਹੋ ਕੇ ਹੱਕ ਅਤੇ ਸੱਚ ਦੇ ਮਾਰਗ 'ਤੇ ਅਡੋਲ ਰਹਿਣ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਅਦੁੱਤੀ ਅਤੇ ਬੇਮਿਸਾਲ ਘਟਨਾ ਹੈ। ਉਨ੍ਹਾਂ ਨੇ 17ਵੀਂ ਸਦੀ ਦੇ ਭਾਰਤ ਵਿੱਚ ਧਾਰਮਿਕ ਕੱਟੜਤਾ ਦੇ ਹਨੇਰੇ ਦੌਰ ਵਿੱਚ, ਨਾ ਸਿਰਫ਼ ਆਪਣੇ ਸਿੱਖ ਧਰਮ ਲਈ, ਸਗੋਂ ਸਮੁੱਚੀ ਮਨੁੱਖਤਾ ਦੀ ਧਾਰਮਿਕ ਆਜ਼ਾਦੀ ਅਤੇ ਵਿਸ਼ਵਾਸ ਦੀ ਸੁਤੰਤਰਤਾ ਲਈ ਆਪਾ ਕੁਰਬਾਨ ਕੀਤਾ। ਉਨ੍ਹਾਂ ਦੀ ਸ਼ਹਾਦਤ ਨੇ ਇੱਕ ਅਜਿਹੇ ਅਸੂਲ ਨੂੰ ਸਥਾਪਿਤ ਕੀਤਾ ਕਿ ਧਰਮ ਕਿਸੇ 'ਤੇ ਜ਼ਬਰਦਸਤੀ ਥੋਪਿਆ ਨਹੀਂ ਜਾ ਸਕਦਾ ਅਤੇ ਹਰ ਵਿਅਕਤੀ ਨੂੰ ਆਪਣੇ ਵਿਸ਼ਵਾਸਾਂ ਅਨੁਸਾਰ ਜੀਵਨ ਜਿਊਣ ਦਾ ਪੂਰਨ ਅਧਿਕਾਰ ਹੈ। ਇਸੇ ਮਹਾਨ ਕੁਰਬਾਨੀ ਕਾਰਨ ਆਪ ਜੀ ਨੂੰ "ਹਿੰਦ ਦੀ ਚਾਦਰ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਇਤਿਹਾਸਕ ਪ੍ਰਸੰਗ ਅਤੇ ਚੁਣੌਤੀ

ਗੁਰੂ ਤੇਗ ਬਹਾਦਰ ਜੀ ਦਾ ਸਮਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਕੱਟੜ ਸ਼ਾਸਨ ਦਾ ਦੌਰ ਸੀ। ਔਰੰਗਜ਼ੇਬ ਭਾਰਤ ਨੂੰ ਇਸਲਾਮੀ ਦੇਸ਼ ਬਣਾਉਣਾ ਚਾਹੁੰਦਾ ਸੀ ਅਤੇ ਇਸ ਲਈ ਉਸਨੇ ਗੈਰ-ਮੁਸਲਿਮ ਲੋਕਾਂ 'ਤੇ ਅਥਾਹ ਜ਼ੁਲਮ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਦੀ ਨੀਤੀ ਅਪਣਾਈ। ਖਾਸ ਕਰਕੇ ਕਸ਼ਮੀਰੀ ਪੰਡਤ ਇਸ ਜ਼ੁਲਮ ਦਾ ਸ਼ਿਕਾਰ ਬਣ ਰਹੇ ਸਨ।

ਸਾਕੀ ਮੁਸਤਾਅਦ ਖਾਂ ਨੇ ਇਸ ਦੌਰ ਨੂੰ ਬਿਆਨ ਕਰਦਿਆਂ ਲਿਖਿਆ ਹੈ, "ਹਿੰਦੂਆਂ ਉੱਪਰ ਜੁਲਮ ਤਾਂ ਸਾਰੇ ਹਿੰਦੁਸਤਾਨ ਵਿੱਚ ਹੋ ਰਿਹਾ ਸੀ। ਪਰ ਕਸ਼ਮੀਰ ਸੂਬੇਦਾਰ ਦਾ ਗਵਰਨਰ ਅੱਤਿਆਚਾਰੀ ਸਾਬਤ ਹੋਇਆ ਕਸ਼ਮੀਰ ਵਿੱਚ ਇਫਤਿਖਾਰ ਖਾਨ  ਸੂਬੇਦਾਰ ਸੀ ਇਸ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ।" 1

ਮੁਗਲ ਬਾਦਸ਼ਾਹ ਔਰੰਗਜ਼ੇਬ ਦਿੱਲੀ ਤੋਂ ਦੂਰ, ਹਸਨ ਅਬਦਾਲ ਖੇਤਰ ਵਿੱਚ ਸੀ।

ਔਰੰਗਜ਼ੇਬ ਦੇ ਆਦੇਸ਼ 'ਤੇ, ਦਿੱਲੀ ਦੇ ਮੁੱਖ ਸ਼ਾਹੀ ਜੱਜ (ਕਾਜ਼ੀ) ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਦੇ ਸਾਹਮਣੇ ਤਿੰਨ ਵਿਕਲਪ ਰੱਖੇ: ਤੁਸੀਂ ਇਸਲਾਮ ਧਾਰਨ ਕਰ ਲਓ।

ਜਾਂ ਫਿਰ, ਕੋਈ ਚਮਤਕਾਰ (ਕਰਾਮਾਤ) ਕਰਕੇ ਦਿਖਾਓ।

ਜੇ ਤੁਸੀਂ ਇਹਨਾਂ ਦੋਹਾਂ ਵਿੱਚੋਂ ਕੋਈ ਵੀ ਸ਼ਰਤ ਨਹੀਂ ਮੰਨਦੇ, ਤਾਂ ਤੁਹਾਨੂੰ ਸ਼ਹੀਦੀ ਦੇਣੀ ਪਵੇਗੀ।

ਸ.ਪਰਮਜੀਤ ਸਿੰਘ 'ਸੁਚਿੰਤਨ' ਦੇ ਅਨੁਸਾਰ, "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਗੋਂ ਜੁਆਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਧਰਮ ਤਿਆਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਦੁਨਿਆਵੀ ਸੁੱਖ ਤਾਂ ਸੁਪਨੇ ਦੀ ਨਿਆਈਂ ਹਨ, ਪਲਾਂ ਵਿਚ ਹੀ ਖ਼ਤਮ ਹੋ ਜਾਂਦੇ ਹਨ। ਜਿਥੋਂ ਤਕ ਕਰਾਮਾਤ ਦਿਖਾਉਣ ਦੀ ਗੱਲ ਹੈ, ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਕਰਾਮਾਤ ਦਿਖਾਉਣੀ, ਉਸ ਅਕਾਲ ਪੁਰਖੁ ਦੀ ਰਜ਼ਾ ਤੋਂ ਮੁਨਕਰ ਹੋਣ ਸਮਾਨ ਹੈ ਅਤੇ ਗੁਰਮਤਿ ਆਸ਼ੇ ਦੇ ਉਲਟ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ। ਰਹੀ ਗੱਲ ਮੌਤ ਨੂੰ ਕਬੂਲ ਕਰਨ ਦੀ ਤਾਂ ਮੌਤ ਤੋਂ ਤਾਂ ਅੱਜ ਤਕ ਨਾ ਅਸੀਂ ਕਦੇ ਡਰੇ ਹਾਂ ਤੇ ਨਾ ਹੀ ਕ ਡਰਾਂਗੇ। ਧਰਮ ਦੀ ਰੱਖਿਆ ਕਰਨ ਖ਼ਾਤਰ ਤੇ ਜ਼ੁਲਮ ਨੂੰ ਮਿਟਾਉਣ ਲਈ, ਆਪਣ ਸ਼ਹਾਦਤ ਵੀ ਦੇਣੀ ਪਈ ਤਾਂ ਵੀ ਅਸੀਂ ਕਦੇ ਪਿੱਛੇ ਨਹੀਂ ਹਟਾਂਗੇ।"2

ਇਸ ਭਿਆਨਕ ਦੌਰ ਵਿੱਚ, ਕਸ਼ਮੀਰੀ ਪੰਡਤਾਂ ਦਾ ਇੱਕ ਸਮੂਹ, ਜੋ ਕਿਰਪਾ ਰਾਮ ਦੀ ਅਗਵਾਈ ਵਿੱਚ ਸੀ, ਔਰੰਗਜ਼ੇਬ ਦੇ ਜ਼ੁਲਮ ਤੋਂ ਤੰਗ ਆ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿੱਚ ਫਰਿਆਦ ਲੈ ਕੇ ਪਹੁੰਚਿਆ।ਆਪਾ ਵਾਰ ਦਿੱਤਾ ਪਰ ਸੀਅ ਨਹੀਂ ਕੀਤੀ।

ਡਾ: ਜਸਪਾਲ ਸਿੰਘ ਗੁਰੂ ਜੀ ਦੀ ਸ਼ਹਾਦਤ ਸੰਬੰਧੀ ਵਿਚਾਰ ਪ੍ਰਗਟਾਉਂਦੇ ਹਨ:

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮ, ਸਭਿਆਚਾਰ, ਸੁਤੰਤਰਤਾ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੀ ਸਦੀਵਤਾ ਦਾ ਇਕ ਅਜਿਹਾ ਕਰਿਸ਼ਮਾ ਹੈ ਜੋ ਇਤਿਹਾਸ ਵਿਚ ਹਮੇਸ਼ਾਂ ਸੁਨਿਹਰੇ ਅੱਖਰਾਂ ਵਿਚ ਲਿਖਿਆ ਰਹੇਗਾ ।3

ਬਾਲ ਗੋਬਿੰਦ ਰਾਇ ਦਾ ਫੈਸਲਾ ਅਤੇ ਕੁਰਬਾਨੀ ਦਾ ਸੰਕਲਪ

ਜਦੋਂ ਕਸ਼ਮੀਰੀ ਪੰਡਤਾਂ ਨੇ ਆਪਣਾ ਦੁੱਖੜਾ ਗੁਰੂ ਜੀ ਅੱਗੇ ਸੁਣਾਇਆ, ਤਾਂ ਗੁਰੂ ਜੀ ਗਹਿਰੀ ਸੋਚ ਵਿੱਚ ਡੁੱਬ ਗਏ। ਉਨ੍ਹਾਂ ਨੇ ਫਰਮਾਇਆ ਕਿ ਇਸ ਡੁੱਬਦੇ ਧਰਮ ਨੂੰ ਬਚਾਉਣ ਲਈ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਦੀ ਲੋੜ ਹੈ।

ਇਸ ਨਾਜ਼ੁਕ ਮੌਕੇ 'ਤੇ, ਬਾਲ ਗੋਬਿੰਦ ਰਾਇ (ਜੋ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਬਣੇ) ਨੇ ਆਪਣੇ ਪਿਤਾ ਨੂੰ ਕਿਹਾ: "ਆਪ ਨਾਲੋਂ ਵੱਡਾ ਹੋਰ ਕਿਹੜਾ ਮਹਾਂਪੁਰਖ ਹੋ ਸਕਦਾ ਹੈ?" ਇਸ ਬਚਨ ਨੇ ਗੁਰੂ ਜੀ ਨੂੰ ਕੁਰਬਾਨੀ ਦਾ ਰਸਤਾ ਸਾਫ਼ ਦਿਖਾ ਦਿੱਤਾ।

ਕ੍ਰਿਤ ਗਿਆਨੀ ਗਿਆਨ ਸਿੰਘ ਅਨੁਸਾਰ, "ਔਰੰਗੇ ਦੇ ਜ਼ੁਲਮ ਤੇ ਹਿੰਦੂਆਂ ਦੇ ਦੁੱਖ ਸੁਣ ਕੇ ਗੁਰੂ ਜੀ ਦਾ ਦਿਲ ਪਾਣੀ ਪਾਣੀ ਹੋ ਗਿਆ। ਢੇਰ ਚਿਰ ਤਾਈਂ ਸੋਚਦੇ ਰਹੇ। ਓੜਕ ਏਹ ਜਵਾਬ ਦਿੱਤਾ, "ਜਦੋਂ ਤੱਕ ਕੋਈ ਸੱਤਪੁਰਖ ਧਰਮ ਦੀ ਇਸ ਸਥਿਤੀ ਵਾਸਤੇ ਆਪਣਾ ਸਿਰ ਬਲੀਦਾਨ ਨਹੀਂ ਕਰਦਾ, ਤਦੋਂ ਤੱਕ ਹਿੰਦੂ ਧਰਮ ਦਾ ਠਹਿਰਨਾ ਔਖਾ ਹੈ।" ਏਹ ਬਚਨ ਸੁਣ ਕੇ ਹੋਰ ਤਾਂ ਕੋਈ ਨਾ ਬੋਲਿਆ। ਸਾਹਿਬਜ਼ਾਦਾ ਨੌਂ (ਸਾਹਿਬਜ਼ਾਦੇ ਵਲੋਂ ਗੁਰੂ ਪਿਤਾ ਜੀ ਨੂੰ ਬੇਨਤੀ) ਬਰਸ ਦੀ ਉਮਰ ਤੇ ਪੂਰਨ ਅਕਲ ਵਾਲੇ ਸਨ, ਭਵਿੱਖਤ ਹੋਣ ਹਾਰ ਵੇਖ ਕੇ ਆਪਣੇ ਪਿਤਾ ਸਤਿਗੁਰੂ ਅੱਗੇ ਬੇਨਤੀ ਕੀਤੀ ਕਿ "ਮਹਾਰਾਜ! ਆਪ ਤੋਂ ਅਧਿਕ ਮਹਾਤਮਾ ਤੇ ਧਰਮਾਤਮਾ ਸੱਤਪੁਰਖ ਧਰਮ ਦਾ ਪਜਾਰਾ ਤੇ ਰੱਖਜ਼ਕ


© Copyright @ Authors

ਹੋਰ ਕੌਣ ਹੈ, ਜੋ ਸੀਸ ਦੇਵੇ?" ਹੁਣ ਏਥੋਂ ਹੀ ਵਿਦਵਾਨ ਪੁਰਖ ਸਮਝ ਸਕਦੇ ਹਨ ਕਿ ਐਸਾ ਬਚਨ (ਜਿਸ ਨੂੰ ਸੁਣ ਕੇ ਹੋਰ ਲੋਕਾਂ ਨੇ ਭੀ ਹੈਰਾਨ ਹੋ ਕੇ ਪੰਜੇ ਉਂਗਲਾਂ ਮੂੰਹ ਵਿੱਚ ਪਾ ਲਈਆਂ) ਹੋਰ ਕੌਣ ਐਸਾ ਬਾਲਕ ਹੈ? ਜੋ ਆਪਣੇ ਪਿਤਾ ਨੂੰ ਅਜੇ ਜਿਸ ਦੀ ਗੋਦ ਵਿੱਚ ਖੇਡਦਾ ਹੋਵੇ, ਕਹਿ ਦੇਵੇ ਕਿ ਤੁਸੀਂ ਸੀਸ ਦੇਵੋ ਅਤੇ ਏਹੋ ਜੇਹਾ ਪਰੋਪਕਾਰੀ ਪਿਤਾ ਕੌਣ ਹੈ? ਜੋ ਪੁੱਤ੍ਰ ਤੋਂ ਏਹ ਸੁਣ ਕੇ ਖ਼ੁਸ਼ੀ ਹੋਵੇ। ਏਹ ਸ਼ਕਤੀ ਤੇ ਭਾਵੀ ਉੱਤੇ ਭਰੋਸਾ ਓਸੇ ਨੌਂਵੇਂ, ਦਸਵੇਂ ਗੁਰੂ ਜੀ ਨੂੰ ਹੀ ਸੀ ਜਿਨ੍ਹਾਂ ਨੂੰ ਕਰਤਾਰ ਨੇ ਕੇਵਲ ਏਸੇ ਕੰਮ ਲਈ ਅਰਥਾਤ ਧਰਮ ਦੇ ਸੁਧਾਰ ਲਈ ਭੇਜਿਆ ਸੀ।4

ਗੁਰੂ ਜੀ ਨੇ ਪੰਡਤਾਂ ਨੂੰ ਔਰੰਗਜ਼ੇਬ ਦੇ ਸੂਬੇਦਾਰ ਨੂੰ ਇਹ ਕਹਿਣ ਲਈ ਕਿਹਾ ਕਿ ਜੇਕਰ ਉਹ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲ ਕਰਵਾ ਲੈਣ, ਤਾਂ ਸਾਰੇ ਪੰਡਤ ਵੀ ਇਸਲਾਮ ਕਬੂਲ ਕਰ ਲੈਣਗੇ।

ਸ਼ਹਾਦਤ ਦਾ ਮਹਾਨ ਸਿਧਾਂਤ

ਗੁਰੂ ਤੇਗ ਬਹਾਦਰ ਜੀ ਨੇ 8 ਜੁਲਾਈ 1675 ਈ. ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਨੂੰ ਗੁਰਗੱਦੀ ਸੌਂਪ ਕੇ ਸ਼ਹੀਦੀ ਯਾਤਰਾ ਆਰੰਭ ਕੀਤੀ। ਰਸਤੇ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਦਿੱਲੀ ਦੇ ਚਾਂਦਨੀ ਚੌਕ ਵਿਖੇ, 11 ਨਵੰਬਰ 1675 ਈ. ਨੂੰ, ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ।

ਗੁਰੂ ਜੀ ਦੇ ਸ਼ਹਾਦਤ ਦੇ ਮਹਾਨ ਸਿਧਾਂਤ ਨੂੰ ਉਨ੍ਹਾਂ ਦੇ ਸਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਨੇ ਆਪਣੇ 'ਬਚਿੱਤਰ ਨਾਟਕ' ਵਿੱਚ ਇਨ੍ਹਾਂ ਸ਼ਬਦਾਂ ਵਿੱਚ ਅੰਕਿਤ ਕੀਤਾ:

ਧਰਮ ਹੇਤ ਸਾਕਾ ਜਿਨਿ ਕੀਆ॥

ਸੀਸੁ ਦੀਆ ਪਰੁ ਸਿਰਰੁ ਨ ਦੀਆ॥ (ਬਚਿਤ੍ਰ ਨਾਟਕ)

ਜਿਨ੍ਹਾਂ ਨੇ ਧਰਮ ਦੀ ਖ਼ਾਤਰ ਕੁਰਬਾਨੀ ਦਿੱਤੀ। ਉਨ੍ਹਾਂ ਨੇ ਆਪਣਾ ਸੀਸ ਤਾਂ ਦੇ ਦਿੱਤਾ, ਪਰ ਆਪਣਾ ਸਿਦਕ ਨਾ ਛੱਡਿਆ। ਇਸ ਅਦੁੱਤੀ, ਅਨੋਖੀ, ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਦਿੱਲੀ ਵਿਚ ਹਾਹਾਕਾਰ ਮੱਚ ਗਈ।ਇਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥ (ਬਚਿਤ੍ਰ ਨਾਟਕ)

ਭਾਵ- ਗੁਰੂ ਤੇਗ ਬਹਾਦਰ ਜੀ ਨੇ (ਔਰੰਗਜ਼ੇਬ ਦੇ) ਸਿਰ 'ਤੇ ਠੀਕਰਾ (ਮੁਗਲ ਹਕੂਮਤ ਦੀ ਹਉਮੈਂ) ਭੰਨ ਕੇ ਰੱਖ ਦਿੱਤਾ ਅਤੇ ਪ੍ਰਭੂ ਦੇ ਪੁਰ (ਧਾਮ) ਨੂੰ ਪ੍ਰਸਥਾਨ ਕਰ ਗਏ। ਅਜਿਹਾ ਮਹਾਨ ਕਾਰਜ ਕਿਸੇ ਹੋਰ ਨੇ ਨਹੀਂ ਕੀਤਾ।)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਇਤਿਹਾਸ ਦਾ ਇੱਕ ਅਜਿਹਾ ਮਹਾਨ ਅਧਿਆਇ ਹੈ ਜੋ ਸਮਕਾਲੀਨ ਸੰਦਰਭ ਵਿੱਚ ਵੀ ਪ੍ਰੇਰਨਾ ਸਰੋਤ ਬਣਿਆ ਹੋਇਆ ਹੈ। ਗੁਰੂ ਸਾਹਿਬ ਦਾ ਇਹ ਬਲੀਦਾਨ, ਜਿਸਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਆਪਣੇ ਅੰਦਰ ਤਿੰਨ ਅਨਿੱਖੜਵੇਂ ਮੂਲ ਸਿਧਾਤਾਂ ਆਜ਼ਾਦੀ, ਧਰਮ ਅਤੇ ਮਾਨਵਤਾ ਨੂੰ ਇੱਕ ਸਿਧਾਂਤਕ ਇਕਾਈ ਵਿੱਚ ਪੇਸ਼ ਕਰਦਾ ਹੈ। ਇਹ ਸਿਧਾਂਤ ਕੇਵਲ ਉਨ੍ਹਾਂ ਦੇ ਜੀਵਨ-ਕਰਮ ਵਿੱਚ ਹੀ ਨਹੀਂ, ਸਗੋਂ ਉਨ੍ਹਾਂ ਦੀ ਪਾਵਨ ਬਾਣੀ ਵਿੱਚ ਵੀ ਸਪੱਸ਼ਟ ਰੂਪ ਵਿੱਚ ਦਰਸਾਏ ਗਏ ਹਨ।

ਆਜ਼ਾਦੀ ਕੇਵਲ ਸਿਆਸੀ ਖੇਤਰ ਵਿੱਚ ਹੀ ਸੀਮਿਤ ਨਹੀਂ, ਸਗੋਂ ਇਸਦਾ ਸਭ ਤੋਂ ਡੂੰਘਾ ਅਰਥ ਮਨੁੱਖ ਦੀ ਜ਼ਮੀਰ ਦੀ ਸੁਤੰਤਰਤਾ ਹੈ। ਗੁਰੂ ਤੇਗ ਬਹਾਦਰ ਜੀ ਦੇ ਸਮੇਂ, ਔਰੰਗਜ਼ੇਬ ਦੀ ਕੱਟੜ ਨੀਤੀ ਜ਼ਬਰਦਸਤੀ ਧਰਮ ਪਰਿਵਰਤਨ ਕਰਵਾ ਕੇ ਲੋਕਾਂ ਦੀ ਜ਼ਮੀਰੀ ਆਜ਼ਾਦੀ ਨੂੰ ਖ਼ਤਮ ਕਰ ਰਹੀ ਸੀ। ਗੁਰੂ ਸਾਹਿਬ ਨੇ ਇਸ ਜ਼ੁਲਮ ਦੇ ਵਿਰੁੱਧ ਖੜ੍ਹੇ ਹੋ ਕੇ, ਸਭ ਤੋਂ ਪਹਿਲਾਂ, ਮਨੁੱਖੀ ਮਨ ਨੂੰ ਡਰ ਮੁਕਤ ਕਰਨ ਦਾ ਸੰਦੇਸ਼ ਦਿੱਤਾ।

ਜਦੋਂ ਮਨੁੱਖ ਅੰਦਰੂਨੀ ਤੌਰ 'ਤੇ ਡਰ ਤੋਂ ਮੁਕਤ ਹੋ ਜਾਂਦਾ ਹੈ, ਤਾਂ ਉਹ ਕਿਸੇ ਵੀ ਬਾਹਰੀ ਜ਼ਾਲਮ ਤਾਕਤ ਅੱਗੇ ਝੁਕਣ ਤੋਂ ਇਨਕਾਰ ਕਰ ਦਿੰਦਾ ਹੈ। ਗੁਰੂ ਜੀ ਦੀ ਬਾਣੀ ਨਿਰਭਉ ਹੋਣ ਦੇ ਇਸ ਸਿਧਾਂਤ ਨੂੰ ਸਪੱਸ਼ਟ ਕਰਦੀ ਹੈ, ਜੋ ਆਜ਼ਾਦੀ ਦਾ ਮੂਲ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ ਸਲੋਕ ਮਹਲਾ ੯ (ਅੰਗ 1427)

ਇਸ ਸਲੋਕ ਰਾਹੀਂ, ਗੁਰੂ ਸਾਹਿਬ ਨੇ ਇਹ ਦਰਸਾਇਆ ਕਿ ਸੱਚਾ ਆਜ਼ਾਦ ਅਤੇ ਗਿਆਨੀ ਮਨੁੱਖ ਉਹ ਹੈ, ਜੋ ਨਾ ਤਾਂ ਦੂਜਿਆਂ 'ਤੇ ਜ਼ੁਲਮ ਕਰਦਾ ਹੈ ਅਤੇ ਨਾ ਹੀ ਜ਼ੁਲਮ ਨੂੰ ਸਹਿਣ ਕਰਦਾ ਹੈ। ਇਹ ਸਲੋਕ ਸਿੱਧੇ ਤੌਰ 'ਤੇ ਜ਼ਾਲਮ ਹਾਕਮਾਂ ਦੀ ਨੀਤੀ ਨੂੰ ਚੁਣੌਤੀ ਦਿੰਦਾ ਹੈ ਅਤੇ ਆਮ ਜਨਤਾ ਨੂੰ ਅੰਦਰੂਨੀ ਬਲ ਨਾਲ ਖੜ੍ਹੇ ਹੋਣ ਦੀ ਪ੍ਰੇਰਨਾ ਦਿੰਦਾ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਸੀਸ ਦੇ ਕੇ ਮੌਤ ਦੇ ਭੈਅ ਤੋਂ ਮੁਕਤ ਹੋ ਕੇ ਜ਼ਮੀਰ ਦੀ ਸੁਤੰਤਰਤਾ ਨੂੰ ਜਿਉਂਦਾ ਰੱਖਣ ਦਾ ਸੰਦੇਸ਼ ਦਿੱਤਾ

ਗੁਰੂ ਜੀ ਦੀ ਸ਼ਹਾਦਤ ਇਸ ਲਈ ਬੇਮਿਸਾਲ ਹੈ, ਕਿਉਂਕਿ ਉਨ੍ਹਾਂ ਨੇ ਜਿਸ ਧਰਮ (ਹਿੰਦੂ ਧਰਮ) ਦੀ ਰਾਖੀ ਲਈ ਕੁਰਬਾਨੀ ਦਿੱਤੀ, ਉਹ ਉਨ੍ਹਾਂ ਦਾ ਆਪਣਾ ਧਰਮ ਨਹੀਂ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਲਈ ਧਰਮ ਦਾ ਅਰਥ ਕਿਸੇ ਖਾਸ ਰਸਮ-ਰਿਵਾਜ ਜਾਂ ਫ਼ਿਰਕੇ ਤੱਕ ਸੀਮਿਤ ਨਹੀਂ ਸੀ, ਸਗੋਂ ਇਹ ਮਨੁੱਖੀ ਕਦਰਾਂ-ਕੀਮਤਾਂ, ਮਰਿਆਦਾ ਅਤੇ ਦੂਸਰੇ ਦੇ ਵਿਸ਼ਵਾਸ ਦਾ ਸਤਿਕਾਰ ਕਰਨ ਦਾ ਫਰਜ਼ ਸੀ।

ਇਹ ਦ੍ਰਿਸ਼ਟੀਕੋਣ ਨਿੱਜੀ ਸਵਾਰਥਾਂ ਅਤੇ ਮੋਹ-ਮਾਇਆ ਤੋਂ ਮੁਕਤ ਹੋਣ ਦੇ ਉਨ੍ਹਾਂ ਦੇ ਅਧਿਆਤਮਿਕ ਉਪਦੇਸ਼ ਤੋਂ ਪੈਦਾ ਹੁੰਦਾ ਹੈ। ਜਦੋਂ ਮਨੁੱਖ ਦੁਨਿਆਵੀ ਲਾਲਚਾਂ ਤੋਂ ਮੁਕਤ ਹੋ ਜਾਂਦਾ ਹੈ, ਤਾਂ ਉਹ ਸੱਚੀ ਸੇਵਾ ਅਤੇ ਧਰਮ ਲਈ ਸਮਰਪਿਤ ਹੋ ਸਕਦਾ ਹੈ।

ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਧਨ, ਪਰਿਵਾਰ ਅਤੇ ਸੰਪਤੀ ਸਭ ਝੂਠੇ ਹਨ, ਇਨ੍ਹਾਂ ਵਿੱਚੋਂ ਕੋਈ ਵੀ ਅੰਤ ਸਮੇਂ ਸਾਥ ਨਹੀਂ ਦੇਵੇਗਾ। ਜਿਸ ਨੇ ਇਸ ਸੱਚਾਈ ਨੂੰ ਜਾਣ ਲਿਆ, ਉਹ ਨਿੱਜੀ ਲਾਭ (ਸਵਾਰਥ) ਲਈ ਕਿਸੇ ਜ਼ੁਲਮ ਅੱਗੇ ਨਹੀਂ ਝੁਕਦਾ। ਉਨ੍ਹਾਂ ਦੀ ਕੁਰਬਾਨੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਨੇ ਆਪਣੇ ਸਰੀਰ, ਪਰਿਵਾਰ ਅਤੇ ਸੰਪਤੀ ਦੇ ਮੋਹ ਨੂੰ "ਕਛੁ ਸੰਗੀ ਨਹੀ" ਮੰਨਦੇ ਹੋਏ, ਸੱਚੇ ਧਰਮ ਦੀ ਰਾਖੀ ਨੂੰ ਪਹਿਲ ਦਿੱਤੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਾਨਵਤਾਵਾਦ ਦੀ ਸਭ ਤੋਂ ਉੱਚੀ ਉਦਾਹਰਨ ਹੈ। ਇਹ ਸਰਬੱਤ ਦੇ ਭਲੇ ਅਤੇ ਬਿਨਾਂ ਕਿਸੇ ਭੇਦਭਾਵ ਦੇ ਦੂਸਰੇ ਦੇ ਅਧਿਕਾਰਾਂ ਦੀ ਰਾਖੀ ਦਾ ਸੰਕਲਪ ਹੈ। ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਉਨ੍ਹਾਂ ਦਾ ਇਹ ਕਹਿਣਾ ਕਿ "ਕਿਸੇ ਮਹਾਂਪੁਰਖ ਨੂੰ ਬਲੀਦਾਨ ਦੇਣਾ ਪਵੇਗਾ", ਇਹ ਦਰਸਾਉਂਦਾ ਹੈ ਕਿ ਮਾਨਵਤਾ ਦੀ ਸੇਵਾ ਲਈ ਸਭ ਤੋਂ ਵੱਡਾ ਤਿਆਗ ਵੀ ਛੋਟਾ ਹੈ।

ਉਨ੍ਹਾਂ ਨੇ ਸਿੱਖੀ ਦੇ ਅਸੂਲ 'ਮਾਨਸ ਕੀ ਜਾਤਿ ਸਬੈ ਏਕੋ ਪਹਿਚਾਨਬੋ' (ਜੋ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਿਆ) ਨੂੰ ਆਪਣੇ ਕਾਰਜ ਦੁਆਰਾ ਸਾਬਤ ਕੀਤਾ।

ਗੁਰੂ ਜੀ ਆਪਣੀ ਬਾਣੀ ਵਿੱਚ ਮਨੁੱਖੀ ਜੀਵਨ ਦੇ ਅਸਲ ਉਦੇਸ਼ ਬਾਰੇ ਦੱਸਦੇ ਹਨ, ਜੋ ਕਿ ਸਰਬੱਤ ਦੇ ਭਲੇ ਦੀ ਭਾਵਨਾ ਪੈਦਾ ਕਰਦਾ ਹੈ:

ਗੁਰੂ ਜੀ ਦੇ ਸਲੋਕ ਮਾਨਵਤਾ ਦੇ ਸਭ ਤੋਂ ਉੱਚੇ ਦਰਜੇ ਨੂੰ ਬਿਆਨ ਕਰਦੇ ਹਨ। ਜਦੋਂ ਕੋਈ ਮਨੁੱਖ ਮਮਤਾ (ਨਿੱਜੀ ਮੋਹ), ਲੋਭ ਅਤੇ ਹੰਕਾਰ ਨੂੰ ਤਿਆਗ ਦਿੰਦਾ ਹੈ, ਤਾਂ ਉਹ ਨਾ ਸਿਰਫ਼ ਆਪ ਮੁਕਤ ਹੁੰਦਾ ਹੈ, ਸਗੋਂ ਦੂਸਰਿਆਂ ਦੀ ਸਹਾਇਤਾ ਕਰਦੇ ਹਨ। ਗੁਰੂ ਜੀ ਨੇ ਇਸ ਸਿਧਾਂਤ ਨੂੰ ਜੀ ਕੇ ਦਿਖਾਇਆ: ਉਨ੍ਹਾਂ ਨੇ ਆਪਣਾ ਨਿੱਜੀ ਮੋਹ ਅਤੇ 'ਅਹੰਕਾਰ' ਤਿਆਗ ਕੇ, ਦੂਸਰੇ ਧਰਮ ਦੇ ਲੋਕਾਂ ਨੂੰ ਉਧਾਰਨ ਲਈ ਆਪਣਾ ਸੀਸ ਦਿੱਤਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਦੇ ਅੰਤਰ ਆਕਾਸ਼ ਵਿੱਚ ਉਹ ਚਾਨਣੀ ਕਿਰਨ ਹੈ, ਜੋ ਸਾਨੂੰ ਹਮੇਸ਼ਾਂ ਯਾਦ ਦਿਵਾਉਂਦੀ ਹੈ ਕਿ ਸੱਚ ਤੇ ਨਿਆਂ ਦੀ ਰਾਹੀਂ ਤੁਰਨ ਵਾਲਿਆਂ ਦੇ ਕਦਮ ਕਦੇ ਮੁੱਕਦੇ ਨਹੀਂ ਉਹ ਸਮੇਂ ਤੋਂ ਉੱਚੇ ਹੋ ਕੇ ਯੁੱਗਾਂ ਨੂੰ ਰੋਸ਼ਨ ਕਰਦੇ ਹਨ। ਇਹ ਕੁਰਬਾਨੀ ਧਰਮ ਦੀਆਂ ਹੱਦਾਂ ਤੋਂ ਪਰੇ ਹੈ; ਇਹ ਹਰ ਮਨੁੱਖ ਦੀ ਆਜ਼ਾਦੀ, ਅਧਿਕਾਰ ਦੀ ਰੱਖਿਆ ਲਈ ਦਿੱਤਾ ਗਿਆ ਅਮਰ ਸੰਦੇਸ਼ ਹੈ। ਗੁਰੂ ਸਾਹਿਬ ਦੀ ਇਸ ਮਹਾਨ ਬਲਿਦਾਨੀ ਕਥਾ ਸਾਨੂੰ ਸਿਖਾਉਂਦੀ ਹੈ ਕਿ ਜਿੱਥੇ ਜ਼ੁਲਮ ਦਾ ਅੰਧੇਰਾ ਹੋਵੇ, ਉੱਥੇ ਹਿੰਮਤ, ਦਇਆ ਅਤੇ ਨਿਸ਼ਕਾਮਤਾ ਦੀ ਜੋਤ ਬਾਲ ਕੇ ਖੜ੍ਹ ਜਾਣਾ ਹੀ ਸੱਚਾ ਧਰਮ ਹੈ। ਅੱਜ ਵੀ, ਅਤੇ ਆਉਣ ਵਾਲੇ ਹਰ ਕੱਲ੍ਹ ਵੀ, ਗੁਰੂ ਤੇਗ ਬਹਾਦਰ ਜੀ ਦੀ ਰੂਹਾਨੀ ਵਿਰਾਸਤ ਸਾਨੂੰ ਚਾਨਣ, ਹੌਸਲਾ ਅਤੇ ਅਟੁੱਟ ਸੱਚਾਈ ਦਾ ਅਮਰ ਪ੍ਰੇਰਣਾਸ੍ਰੋਤ ਬਣੀ ਰਹੇਗੀ।

ਧਰਮ ਆਜ਼ਾਦੀ ਦਾ ਸਿਧਾਂਤ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੀਵਨ ਦੋਵਾਂ ਵਿੱਚ ਸਪਸ਼ਟ ਤੌਰ 'ਤੇ ਪ੍ਰਗਟ ਹੁੰਦਾ ਹੈ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਇਹ ਸਿਖਾਉਂਦੀ ਹੈ ਕਿ ਧਰਮ ਕੋਈ ਜ਼ਬਰਦਸਤੀ ਨਾਲ ਅਪਣਾਈ ਗਈ ਰੀਤ ਨਹੀਂ, ਸਗੋਂ ਅੰਦਰੂਨੀ ਵਿਸ਼ਵਾਸ ਅਤੇ ਆਤਮਿਕ ਆਜ਼ਾਦੀ ਦੀ ਅਭਿਵਿਅਕਤੀ ਹੈ। ਡਰ, ਲਾਲਚ ਅਤੇ ਅਹੰਕਾਰ ਤੋਂ ਮੁਕਤ ਮਨੁੱਖ ਹੀ ਆਪਣੇ ਧਰਮ 'ਤੇ ਸੱਚਾਈ ਨਾਲ ਕਾਇਮ ਰਹਿ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਜੀਵਨ ਰਾਹੀਂ ਇਸ ਸਿਧਾਂਤ ਨੂੰ ਕਰਮ ਵਿੱਚ ਲਿਆ ਕੇ ਦਿਖਾਇਆ, ਜਦੋਂ ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਧਰਮ ਆਜ਼ਾਦੀ ਦੀ ਰੱਖਿਆ ਲਈ ਆਪਣੀ ਸ਼ਹੀਦੀ ਦਿੱਤੀ। ਕਿਸੇ ਹੋਰ ਧਰਮ ਦੇ ਲੋਕਾਂ ਦੇ ਅਧਿਕਾਰਾਂ ਲਈ ਬਲਿਦਾਨ ਦੇ ਕੇ ਉਨ੍ਹਾਂ ਨੇ ਸਾਬਤ ਕੀਤਾ ਕਿ ਧਰਮ ਆਜ਼ਾਦੀ ਸਿਰਫ਼ ਆਪਣੇ ਲਈ ਨਹੀਂ, ਸਗੋਂ ਸਮੂਹ ਮਨੁੱਖਤਾ ਲਈ ਹੁੰਦੀ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਾਰ ਦਿੰਦੀ ਹੈ ਅਤੇ ਉਨ੍ਹਾਂ ਦਾ ਜੀਵਨ ਉਸ ਵਿਚਾਰ ਦੀ ਜੀਵੰਤ ਮਿਸਾਲ ਬਣਦਾ ਹੈ।

ਗੁਰੂ ਜੀ ਦੀ ਬਾਣੀ ਇਹ ਦੱਸਦੀ ਹੈ ਕਿ ਧਰਮ ਕੇਵਲ ਰਸਮਾਂ ਦਾ ਨਾਮ ਨਹੀਂ, ਇੱਕ ਅੰਤਰਿਕ ਆਜ਼ਾਦੀ ਹੈ।

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥ ਅਉਧ ਘਟਤ ਹੈ ਨੀਤ ॥

ਸਲੋਕ ਨੌਵਾ ਮਹਲਾ (ਅੰਗ 1427)

ਸਿਮਰਨ ਮਨੁੱਖ ਦੀ ਮਾਨਸਿਕ, ਆਤਮਕ ਅਤੇ ਨੈਤਿਕ ਆਜ਼ਾਦੀ ਹੈ। ਇਸ ਸਿਮਰਨ ਨੂੰ ਕੋਈ ਰੋਕ ਨਹੀਂ ਸਕਦਾ।

ਗੁਰੂ ਜੀ ਦਾ ਬਲਿਦਾਨ ਉਹਨਾਂ ਦੀ ਬਾਣੀ ਦੇ ਅਰਥ ਨੂੰ ਜੀਵਤ ਕਰਦਾ ਹੈ। ਧਾਰਮਿਕ ਆਜ਼ਾਦੀ ਦਾ ਅਧਿਕਾਰ ਹਰ ਇਨਸਾਨ ਨੂੰ ਹੈ, ਚਾਹੇ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਇਆ ਤੋਂ ਆਜ਼ਾਦੀ ਅਤੇ ਅੰਦਰੂਨੀ ਗੁਲਾਮੀ ਤੋਂ ਮੁਕਤੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਇੱਕ ਮਹੱਤਵਪੂਰਨ ਸਿਧਾਂਤ ਹੈ। ਗੁਰੂ ਜੀ ਅਨੁਸਾਰ ਮਾਇਆ ਮਨੁੱਖ ਨੂੰ ਸਿਰਫ਼ ਬਾਹਰੀ ਤੌਰ 'ਤੇ ਨਹੀਂ, ਸਗੋਂ ਮਨ ਅਤੇ ਚੇਤਨਾ ਵਿੱਚ ਬੰਨ੍ਹ ਲੈਂਦੀ ਹੈ, ਜਿਸ ਨਾਲ ਲੋਭ, ਮੋਹ, ਅਹੰਕਾਰ ਅਤੇ ਡਰ ਪੈਦਾ ਹੁੰਦੇ ਹਨ। ਇਹੀ ਅੰਦਰੂਨੀ ਗੁਲਾਮੀ ਮਨੁੱਖ ਨੂੰ ਸੱਚੇ ਅਤੇ ਨਿਰਭਉ ਜੀਵਨ ਤੋਂ ਦੂਰ ਕਰ ਦਿੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਮਾਇਆ ਨਾਲ ਜੁੜੇ ਰਹਿਣ ਦੀ ਨਹੀਂ, ਸਗੋਂ ਉਸ ਤੋਂ ਅਸਕਤੀ ਰਹਿਣ ਦੀ ਸਿੱਖਿਆ ਦਿੰਦੀ ਹੈ—ਅਰਥਾਤ ਮਾਇਆ ਵਿੱਚ ਰਹਿੰਦੇ ਹੋਏ ਵੀ ਉਸ ਦੇ ਵੱਸ ਵਿੱਚ ਨਾ ਆਉਣਾ। ਜਦ ਮਨੁੱਖ ਨਾਮ-ਸਿਮਰਨ, ਸਬਰ ਅਤੇ ਸਚਾਈ ਰਾਹੀਂ ਆਪਣੇ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ, ਤਾਂ ਉਹ ਅੰਦਰੂਨੀ ਗੁਲਾਮੀ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਮਾਇਆ ਤੋਂ ਆਜ਼ਾਦੀ ਮਨੁੱਖ ਨੂੰ ਆਤਮਿਕ ਸ਼ਾਂਤੀ, ਸਵੈ-ਸੰਮਾਨ ਅਤੇ ਸੱਚੀ ਆਜ਼ਾਦੀ ਪ੍ਰਦਾਨ ਕਰਦੀ ਹੈ।

ਗੁਰੂ ਜੀ ਮਨੁੱਖ ਨੂੰ ਸਭ ਤੋਂ ਵੱਡੀ ਗੁਲਾਮੀ ਮਾਇਆ ਦੀ ਗੁਲਾਮੀ ਤੋਂ ਮੁਕਤ ਕਰਦੇ ਹਨ।

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਹਿ ਜਮ ਫੰਧ ॥ ਸਲੋਕ ਮਹਲਾ ੯ (ਅੰਗ 1427)

ਮਾਇਆ ਦਾ ਅੰਧਾਪਣ ਮਨੁੱਖ ਨੂੰ ਸੰਸਾਰਿਕ ਗੁਲਾਮ ਬਣਾ ਦਿੰਦਾ ਹੈ। ਧਰਮ ਅਸਲ ਵਿੱਚ ਮੁਕਤੀ ਦਾ ਰਸਤਾ ਹੈ ਅੰਦਰੋਂ, ਮਨੋਂ, ਕਰਮਾਂ ਤੋਂ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥ ਸਲੋਕ ਮਹਲਾ ੯ (ਅੰਗ 1427)

ਜਿਹੜਾ ਮਨੁੱਖ ਨਿੰਦਾ-ਉਸਤਤਿ ਨੂੰ ਇਕੋ ਜਿਹਾ ਮੰਨੇ ਉਹੀ ਅਸਲ ਵਿੱਚ ਅੰਦਰੋਂ ਮੁਕਤ ਹੈ।

ਇਹ ਮਨੁੱਖੀ ਸਮਾਨਤਾ ਅਤੇ ਨੈਤਿਕ ਆਜ਼ਾਦੀ ਦੀ ਉੱਚੀ ਸਿੱਖਿਆ ਹੈ।

ਮਨੁੱਖਤਾ ਦਾ ਪ੍ਰਤੀਕ ਸਭ ਮਨੁੱਖ ਇੱਕੋ ਜਿਹੇ ਦਾ ਸਿਧਾਂਤ ਸਿੱਖ ਦਰਸ਼ਨ ਦੀ ਮੂਲ ਭਾਵਨਾ ਹੈ। ਇਸ ਅਨੁਸਾਰ ਜਾਤੀ, ਧਰਮ, ਰੰਗ, ਭਾਸ਼ਾ ਜਾਂ ਵਰਗ ਦੇ ਆਧਾਰ 'ਤੇ ਕੋਈ ਵੀ ਭੇਦਭਾਵ ਅਨੈਤਿਕ ਹੈ, ਕਿਉਂਕਿ ਸਭ ਮਨੁੱਖ ਇੱਕੋ ਪਰਮਾਤਮਾ ਦੀ ਰਚਨਾ ਹਨ। ਹਰ ਮਨੁੱਖ ਵਿੱਚ ਇੱਕੋ ਜੋਤ ਵਸਦੀ ਹੈ, ਇਸ ਲਈ ਸਭ ਦੀ ਇੱਜ਼ਤ, ਅਧਿਕਾਰ ਅਤੇ ਮਰਿਆਦਾ ਇਕਸਾਰ ਹੈ। ਗੁਰੂਆਂ ਦੀ ਬਾਣੀ ਮਨੁੱਖ ਨੂੰ ਦੂਜੇ ਨਾਲ ਭਰਾਵਾਂ ਵਾਂਗ ਵਰਤਣ, ਦਇਆ ਅਤੇ ਨਿਆਂ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੰਦੀ ਹੈ। ਜਦ ਮਨੁੱਖ "ਸਭ ਮਨੁੱਖ ਇੱਕੋ ਜਿਹੇ" ਦੇ ਸਿਧਾਂਤ ਨੂੰ ਅਪਣਾ ਲੈਂਦਾ ਹੈ, ਤਾਂ ਨਫ਼ਰਤ, ਉੱਚ-ਨੀਚ ਅਤੇ ਅਨਿਆਇ ਆਪ ਹੀ ਮੁੱਕ ਜਾਂਦੇ ਹਨ। ਇਸ ਤਰ੍ਹਾਂ ਇਹ ਵਿਚਾਰ ਮਨੁੱਖਤਾ, ਸਾਂਝ ਅਤੇ ਵਿਸ਼ਵ ਭਰਾਤਰੀ ਦੀ ਮਜ਼ਬੂਤ ਬੁਨਿਆਦ ਬਣਦਾ ਹੈ।ਗੁਰੂ ਜੀ ਦੀ ਬਾਣੀ ਹਰ ਮਨੁੱਖ ਵਿੱਚ ਰੱਬ ਨੂੰ ਵੇਖਣ ਦੀ ਸਿੱਖਿਆ ਦਿੰਦੀ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ ਸਲੋਕ ਮਹਲਾ ੯ (ਅੰਗ 1427)

ਹਰ ਮਨੁੱਖ, ਚਾਹੇ ਉਸ ਦਾ ਧਰਮ, ਜਾਤ, ਰੰਗ, ਰੂਪ ਜੋ ਮਰਜ਼ੀ ਹੋਵੇ ਉਸ ਵਿੱਚ ਵਾਹਿਗੁਰੂ ਦਾ ਨਿਵਾਸ ਹੈ।

ਇਹ ਗੱਲ ਮਨੁੱਖੀ ਅਧਿਕਾਰਾਂ ਦੀ ਸੰਕਲਪਨਾ ਦਾ ਮੂਲ ਹੈ।

ਨੈਤਿਕ ਮਜ਼ਬੂਤੀ ਅਤੇ ਅੰਦਰੂਨੀ ਆਜ਼ਾਦੀ ਮਨੁੱਖੀ ਜੀਵਨ ਦੇ ਉੱਚੇ ਗੁਣ ਹਨ। ਨੈਤਿਕ ਮਜ਼ਬੂਤੀ ਦਾ ਅਰਥ ਹੈ ਸੱਚ, ਇਮਾਨਦਾਰੀ ਅਤੇ ਨਿਆਂ 'ਤੇ ਡਟ ਕੇ ਖੜ੍ਹੇ ਰਹਿਣਾ, ਭਾਵੇਂ ਹਾਲਾਤ ਕਿੰਨੇ ਵੀ ਮੁਸ਼ਕਲ ਕਿਉਂ ਨਾ ਹੋਣ। ਇਹ ਗੁਣ ਮਨੁੱਖ ਨੂੰ ਗਲਤ ਦੇ ਸਾਹਮਣੇ ਝੁਕਣ ਨਹੀਂ ਦਿੰਦਾ। ਅੰਦਰੂਨੀ ਆਜ਼ਾਦੀ ਉਸ ਵੇਲੇ ਮਿਲਦੀ ਹੈ, ਜਦੋਂ ਮਨੁੱਖ ਡਰ, ਲਾਲਚ, ਅਹੰਕਾਰ ਅਤੇ ਮੋਹ ਤੋਂ ਮੁਕਤ ਹੋ ਜਾਂਦਾ ਹੈ। ਜਿਹੜਾ ਮਨੁੱਖ ਆਪਣੇ ਮਨ ਅਤੇ ਵਿਕਾਰਾਂ 'ਤੇ ਕਾਬੂ ਪਾ ਲੈਂਦਾ ਹੈ, ਉਹੀ ਅਸਲ ਵਿੱਚ ਆਜ਼ਾਦ ਹੁੰਦਾ ਹੈ। ਨੈਤਿਕ ਮਜ਼ਬੂਤੀ ਅੰਦਰੂਨੀ ਆਜ਼ਾਦੀ ਦੀ ਨੀਂਵ ਹੈ, ਕਿਉਂਕਿ ਸੱਚਾ ਅਤੇ ਸਹੀ ਰਸਤਾ ਚੁਣਨ ਨਾਲ ਮਨ ਸ਼ਾਂਤ ਅਤੇ ਨਿਰਭਉ ਰਹਿੰਦਾ ਹੈ। ਇਸ ਤਰ੍ਹਾਂ ਦੋਵਾਂ ਗੁਣ ਮਿਲ ਕੇ ਮਨੁੱਖ ਨੂੰ ਆਤਮਿਕ ਤੌਰ 'ਤੇ ਮਜ਼ਬੂਤ, ਸੁਤੰਤਰ ਅਤੇ ਗੌਰਵਪੂਰਣ ਜੀਵਨ ਵੱਲ ਲੈ ਜਾਂਦੇ ਹਨ।

ਗੁਰੂ ਜੀ ਦੇ ਸਲੋਕ ਮਨੁੱਖ ਨੂੰ ਅੰਦਰੋਂ ਮਜ਼ਬੂਤ ਬਣਾਉਂਦੇ ਹਨ। ਜਿਹੜਾ ਮਨੁੱਖ ਅੰਦਰੋਂ ਮਜ਼ਬੂਤ ਹੈ, ਉਹ ਕਿਸੇ ਜਾਬਰ ਦਾ ਗੁਲਾਮ ਨਹੀਂ ਬਣਦਾ।

ਹਰਖੁ ਸੋਗੁ ਜਾ ਕੈ ਨਹੀ ਬੈਰੀ ਮਤਿ ਸਮਾਨਿ॥ ਸਲੋਕ ਮਹਲਾ ੯ (ਅੰਗ 1427)

ਜੋ ਮਨੁੱਖ ਖੁਸ਼ੀ-ਗ਼ਮ ਦੇ ਜੋੜ-ਵਿਛੋੜ ਤੋਂ ਉਪਰ ਹੋ ਜਾਵੇ, ਉਹੀ ਅਸਲ ਨਿਡਰ ਅਤੇ ਮੁਕਤ ਹੈ।

ਗੁਰੂ ਜੀ ਸਿੱਖਾਂ ਨੂੰ ਉਹੀ ਸਿਰਜਣਹਾਰ-ਚੇਤਨਾ ਵਾਲਾ ਮਨੁੱਖ ਬਣਾਉਂਦੇ ਹਨ ਜੋ ਜ਼ੁਲਮ ਦਾ ਵਿਰੋਧ ਕਰ ਸਕੇ।

ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਬਾਣੀ ਦੋਵੇਂ ਇਹ ਦੱਸਦੇ ਹਨ ਕਿ:

ਦੂਜੇ ਦੇ ਧਰਮ ਦੀ ਰੱਖਿਆ ਕਰਨਾ ਵੀ ਇੱਕ ਪਵਿੱਤਰ ਧਾਰਮਿਕ ਕਰਤੱਵ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜੋ ਮਨੁੱਖ ਆਪਣੇ ਲਈ ਨਹੀਂ, ਹੋਰਾਂ ਦੀ ਰੱਖਿਆ ਲਈ ਲੜੇ ਉਸ ਦਾ ਧਰਮ ਮਨੁੱਖਤਾ ਹੁੰਦਾ ਹੈ।

ਬਾਣੀ ਵਿੱਚ:

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥

ਕਹੁ ਨਾਨਕ ਇਹ ਬਿਪਤਿ ਮੈਂ ਟੇਕ ਏਕ ਰਘੁਨਾਥ ॥ ਸਲੋਕ ਮਹਲਾ ੯ (ਅੰਗ 1429)

ਗੁਰੂ ਜੀ ਆਖਦੇ ਹਨ ਇਨਸਾਨ ਨੂੰ ਆਖ਼ਰ ਇਕੋ ਰੱਬ ਦਾ ਸਹਾਰਾ ਹੁੰਦਾ ਹੈ, ਨਾ ਰਾਜੇ, ਨਾ ਦੌਲਤ, ਨਾ ਸਾਥੀ। ਇਸੇ ਚੇਤਨਾ ਨਾਲ ਉਹ ਔਰੰਗਜ਼ੇਬ ਦੇ ਜ਼ੁਲਮ ਦਾ ਸਾਹਮਣਾ ਕਰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਦੇ ਡਰ ਤੋਂ ਮੁਕਤੀ ਸੰਬੰਧੀ ਪ੍ਰਸਿੱਧ ਲਾਈਨਾਂ ਹੇਠ ਲਿਖੀਆਂ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨ ॥ ਸਲੋਕ ਮਹਲਾ ੯ (ਅੰਗ 1427)

ਜੋ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਕਿਸੇ ਤੋਂ ਡਰਦਾ ਹੈ, ਗੁਰੂ ਸਾਹਿਬ ਕਹਿੰਦੇ ਹਨ , ਉਹੀ ਸੱਚਾ ਗਿਆਨੀ ਹੈ।

"ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ॥

ਸਲੋਕ ਮਹਲਾ ੯ (ਅੰਗ 1429)

ਸੰਸਾਰ ਨਾਸ਼ਵਾਨ ਹੈ ਮੌਤ ਨਿਸ਼ਚਤ ਹੈ। ਜੋ ਮਨੁੱਖ ਇਸ ਨਿਯਮ ਨੂੰ ਸਮਝ ਲਏ, ਉਹ ਡਰ ਤੋਂ ਮੁਕਤ ਹੋ ਜਾਂਦਾ ਹੈ।

ਗੁਰੂ ਜੀ ਦਾ ਆਪਣੀ ਜਾਨ ਕੁਰਬਾਨ ਕਰਨਾ ਉਸ ਅੰਦਰੂਨੀ ਆਜ਼ਾਦੀ ਦਾ ਸਭ ਤੋਂ ਵੱਡਾ ਉਦਾਹਰਨ ਹੈ।

ਇਹ ਸੰਸਾਰਕ ਬਣਤਰ ਨਾਸ਼ਵਾਨ ਹੈ, ਇਸ ਨੂੰ ਸਮਝ ਲੈ; ਇਹ ਰੇਤ ਦੀ ਦੀਵਾਰ ਵਾਂਗ ਟਿਕਣ ਵਾਲੀ ਨਹੀਂ।

ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ -684

ਇਹ ਸਰੀਰ ਨਾਸ਼ਵਾਨ ਹੈ, ਇਸ ਨਾਲ ਅਖ਼ੀਰ ਕੋਈ ਵੀ ਸਾਥੀ ਨਹੀਂ ਜਾਂਦਾ।

ਇਹ ਲਾਈਨਾਂ ਮਨੁੱਖ ਨੂੰ ਮੌਤ ਦੀ ਸਚਾਈ ਸਵੀਕਾਰ ਕਰਕੇ ਨਿਰਭਉ ਅਤੇ ਆਤਮਿਕ ਤੌਰ 'ਤੇ ਆਜ਼ਾਦ ਜੀਵਨ ਜੀਉਣ ਦੀ ਪ੍ਰੇਰਣਾ ਦਿੰਦੀਆਂ ਹਨ।

ਗੁਰੂ ਜੀ ਦੀ ਬਾਣੀ ਮਨੁੱਖ ਨੂੰ ਮੌਤ ਦੇ ਡਰ ਤੋਂ ਆਜ਼ਾਦ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿੱਚ ਧਰਮਿਕ ਆਜ਼ਾਦੀ ਦੀ ਅਮਰ ਮਿਸਾਲ ਹੈ। ਉਨ੍ਹਾਂ ਨੇ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇ ਕੇ ਇਹ ਸਾਬਤ ਕੀਤਾ ਕਿ ਧਰਮ ਦੀ ਰੱਖਿਆ ਕਿਸੇ ਇੱਕ ਪੰਥ ਲਈ ਨਹੀਂ, ਸਗੋਂ ਸਮੂਹ ਮਨੁੱਖਤਾ ਲਈ ਹੁੰਦੀ ਹੈ। ਅਨਿਆਇ ਅਤੇ ਜ਼ਬਰ ਦੇ ਸਾਹਮਣੇ ਅਡੋਲ ਰਹਿੰਦੇ ਹੋਏ ਗੁਰੂ ਜੀ ਨੇ ਸਹਿਣਸ਼ੀਲਤਾ, ਨਿਆਂ ਅਤੇ ਆਤਮਿਕ ਸਾਹਸ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀ ਸ਼ਹਾਦਤ ਸਾਨੂੰ ਅੱਜ ਵੀ ਇਹ ਪ੍ਰੇਰਨਾ ਦਿੰਦੀ ਹੈ ਕਿ ਸੱਚ, ਆਜ਼ਾਦੀ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਡਟ ਕੇ ਖੜ੍ਹਾ ਹੋਣਾ ਹੀ ਸੱਚੀ ਮਨੁੱਖਤਾ ਹੈ।

**ਹਵਾਲੇ ਟਿੱਪਣੀਆਂ-**

1. ਸਾਕੀ ਮੁਸਤਾਅਦ ਖਾਂ,ਮੁਆਸਰ ਆਲਮਗੀਰੀ ਪੰਜਾਬੀ (ਅਨੁ), ਪੰਨਾ -85
2. ਸ. ਪਰਮਜੀਤ ਸਿੰਘ 'ਸੁਚਿੰਤਨ' ਦੇ ਅਨੁਸਾਰ, ਗੁਰਮਤਿ ਪ੍ਰਕਾਸ਼ ਪੰਨਾ -47
3. ਡਾ. ਜਸਪਾਲ ਸਿੰਘ,ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ ਪੰਨਾ-71
4. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਜੀ,ਪੰਨਾ-57


© Copyright @ Authors